# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 06-07-2024**

- ਕੇਂਦਰੀ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ, ਕਿ ਸਰਕਾਰ ਅਗਲੇ ਪੰਜ ਵਰ੍ਹਿਆਂ ਵਿਚ ਕੋਈ ਦੋ ਲੱਖ ਗ੍ਰਾਮ ਪੰਚਾਇਤਾਂ ਵਿੱਚ ਬਹੁ-ਮੰਤਵੀ ਮੁਢਲੀ ਖੇਤੀਬਾੜੀ ਕਰਜ਼ ਸੁਸਾਇਟੀ ਦੀ ਸਥਾਪਨਾ ਕਰੇਗੀ ।
- ਬਰਤਾਨੀਆ ਦੀ ਸੰਸਦ ਵਿਚ ਚੁਣੇ ਗਏ ਭਾਰਤ ਵੰਸ਼ੀਆਂ ਵਿਚ, 12 ਪੰਜਾਬੀਆਂ ਦੇ ਵੀ ਸ਼ਾਮਲ ਹੋਣ 'ਤੇ ਵੱਖ ਵੱਖ ਵਰਗਾਂ ਦੇ ਲੋਕਾਂ ਨੇ ਖੁਸ਼ੀ ਪ੍ਰਗਟਾਈ ।
- ਪੰਜਾਬ BJP ਦੇ ਪ੍ਰਧਾਨ ਸੁਨੀਲ ਜਾਖੜ ਨੇ, ਸੂਬੇ ਵਿੱਚ ਵਿਗੜਦੀ ਅਮਨ-ਕਾਨੂੰਨ ਦੀ ਸਥਿਤੀ 'ਤੇ ਡੂੰਘੀ ਚਿੰਤਾ ਜ਼ਾਹਰ ਕਰਦਿਆਂ, ਮੁੱਖ ਮੰਤਰੀ ਦੀ ਤਿੱਖੀ ਆਲੋਚਨਾ ਕੀਤੀ।

- ਜਾਨਵਰਾਂ ਤੋਂ ਮਨੁੱਖ ਨੂੰ ਅਤੇ ਮਨੁੱਖ ਤੋਂ ਜਾਨਵਰਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਪ੍ਰਤੀ ਪਸ਼ੂ ਪਾਲਕਾਂ ਵਿਚ ਜਾਗਰੂਕਤਾ ਪੈਦਾ ਕਰਨ ਦੇ ਮੰਤਵ ਨਾਲ, ਸ਼੍ਰੀ ਮੁਕਤਸਰ ਸਾਹਿਬ ਵਿਖੇ ਰਾਜ ਪੱਧਰੀ ਵਿਸ਼ਵ ਜ਼ੂਨੋਸਿਸ ਦਿਵਸ ਮਨਾਇਆ ਗਿਆ ।

---------------------------------------------------------

ਕੇਂਦਰੀ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ, ਕਿ ਸਰਕਾਰ ਅਗਲੇ ਪੰਜ ਸਾਲਾਂ ਵਿਚ, ਕੋਈ ਦੋ ਲੱਖ ਗ੍ਰਾਮ ਪੰਚਾਇਤਾਂ ਵਿੱਚ, ਬਹੁ-ਮੰਤਵੀ ਮੁੱਢਲੀ ਖੇਤੀਬਾੜੀ ਕਰਜ਼ ਸੁਸਾਇਟੀ ਦੀ ਸਥਾਪਨਾ ਕਰੇਗੀ । 102ਵੇਂ ਕੌਮਾਂਤਰੀ ਸਹਿਕਾਰਤਾ ਦਿਵਸ ਦੇ ਮੌਕੇ 'ਤੇ, ਗਾਂਧੀਨਗਰ ਵਿਖੇ ਅੱਜ 'ਸਹਿਕਾਰ ਸੇ ਸਮ੍ਰਿਧੀ' ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ, ਉਨਾਂ ਇਹ ਜਾਣਕਾਰੀ ਦਿੱਤੀ। ਸਹਿਕਾਰੀ ਸਭਾਵਾਂ ਵਿੱਚ ਆਰਥਿਕ ਸਹਿਯੋਗ 'ਤੇ ਜ਼ੋਰ ਦਿੰਦਿਆਂ, ਅਮਿਤ ਸ਼ਾਹ ਨੇ ਦੇਸ਼ ਦੀਆਂ ਸਾਰੀਆਂ ਜ਼ਿਲ੍ਹਾ ਤੇ ਰਾਜ ਸਹਿਕਾਰੀ ਸਭਾਵਾਂ ਨੂੰ ਅਪੀਲ ਕੀਤੀ ਕਿ ਉਹ, ਸਹਿਕਾਰੀ ਬੈਂਕਾਂ ਦੇ ਨੈੱਟਵਰਕ ਨੂੰ ਮਜ਼ਬੂਤ ਕਰਨ ਲਈ, ਆਪਣੇ ਵਿੱਤੀ ਲੈਣ-ਦੇਣ ਸਿਰਫ਼ ਸਹਿਕਾਰੀ ਬੈਂਕਾਂ ਵਿੱਚ ਹੀ ਕਰਨ। ਦੇਸ਼ ਵਿੱਚ

ਸਹਿਕਾਰੀ ਖੇਤਰ ਦੇ ਸਸ਼ਕਤੀਕਰਨ ਲਈ, ਕੇਂਦਰ ਸਰਕਾਰ ਵੱਲੋਂ ਕੀਤੀਆਂ ਗਈਆਂ ਕਈ ਪਹਿਲਕਦਮੀਆਂ ਬਾਰੇ ਗੱਲ ਕਰਦਿਆਂ, ਅਮਿਤ ਸ਼ਾਹ ਨੇ ਸਹਿਕਾਰਤਾ ਨੂੰ ਵਿਵਹਾਰਕ ਬਣਾਉਣ ਲਈ, ਸਹਿਕਾਰੀ ਨੈੱਟਵਰਕ ਦਾ ਵਿਸਥਾਰ ਕਰਨ ’ਤੇ ਜ਼ੋਰ ਦਿੱਤਾ।

---------------------------------------------------------------

ਬਰਤਾਨੀਆ ਦੀ ਸੰਸਦ ਵਿਚ ਲੇਬਰ ਪਾਰਟੀ ਦੀ ਜ਼ਬਰਦਸਤ ਤੇ ਇਤਿਹਾਸਕ ਜਿੱਤ ਦੇ ਨਾਲ, 12 ਪੰਜਾਬੀਆਂ ਸਮੇਤ 26 ਭਾਰਤਵੰਸ਼ੀ ਵੀ ਸੰਸਦ ਲਈ ਚੁਣੇ ਗਏ ਨੇ। ਇਸ ਚੋਣ 'ਚ ਪੁੱਜਣ ਵਾਲੇ ਪੰਜਾਬੀਆਂ ਦੀ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਗਿਣਤੀ ਏ। ਦਿਲਚਸਪ ਗੱਲ ਇਹ ਏ ਕਿ ਨਵੇਂ ਚੁਣੇ ਗਏ ਪੰਜਾਬੀ ਸੰਸਦ ਮੈਂਬਰਾਂ 'ਚ ਪੰਜ ਔਰਤਾਂ ਵੀ ਸ਼ਾਮਲ ਨੇ। ਇਹ ਸਾਰੇ ਲੇਬਰ ਪਾਰਟੀ ਤੋਂ ਚੁਣੇ ਗਏ ਨੇ। ਤਨਮਨਜੀਤ ਸਿੰਘ ਢੇਸੀ ਤੀਜੀ ਤੇ ਪ੍ਰੀਤ ਕੌਰ ਗਿੱਲ ਲਗਾਤਾਰ ਦੂਜੀ ਵਾਰ ਸੰਸਦ ਮੈਂਬਰ ਬਣੇ ਨੇ। ਇਸ ਦੌਰਾਨ ਵੱਖ ਵੱਖ ਸੰਸਦ ਮੈਂਬਰਾਂ ਦੇ ਜੱਦੀ ਪਿੰਡਾਂ ਵਿਚ ਖੁਸ਼ੀ ਦਾ ਮਾਹੌਲ ਏ ਅਤੇ ਉਨਾਂ ਦੇ ਰਿਸ਼ਤੇਦਾਰ ਤੇ ਆਮ ਲੋਕ, ਇਸ ਨੂੰ ਪੂਰੇ ਚਾਅ ਨਾਲ ਇਕ ਦੂਜੇ ਨਾਲ ਸਾਂਝਾ ਕਰ ਰਹੇ ਨੇ।

---

ਇਸ ਦੌਰਾਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ, ਇੰਗਲੈਂਡ ਦੀਆਂ ਆਮ ਚੋਣਾਂ ਵਿੱਚ ਜਿੱਤ ਦਰਜ ਕਰਨ ਵਾਲੇ ਪੰਜਾਬੀਆਂ ਨੂੰ ਵਧਾਈ ਦਿੰਦਿਆਂ ਆਸ ਪ੍ਰਗਟਾਈ ਏ, ਕਿ ਇਸ ਜਿੱਤ ਨਾਲ ਹਾਊਸ ਆਫ਼ ਕਾਮਨਜ਼ ਵਿੱਚ, ਸਿੱਖਾਂ ਅਤੇ ਪੰਜਾਬੀਆਂ ਦੀ ਆਵਾਜ਼ ਬੁਲੰਦ ਹੋਵੇਗੀ। ਚੰਡੀਗੜ੍ਹ ਤੋਂ ਅੱਜ ਜਾਰੀ ਇੱਕ ਪ੍ਰੈਸ ਬਿਆਨ ਵਿਚ, ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਬਰਤਾਨਵੀ ਪਾਰਲੀਮੈਂਟ ਲਈ ਪਹਿਲੀ ਵਾਰ 12 ਸਿੱਖ ਤੇ ਪੰਜਾਬੀ ਮੈਂਬਰਾਂ, ਜਿਨ੍ਹਾਂ ਵਿੱਚ 5 ਮਹਿਲਾਵਾਂ ਸ਼ਾਮਲ ਨੇ, ਦਾ ਚੁਣਿਆ ਜਾਣਾ ਇਕ ਮਿਸਾਲ ਏ। ਨਵੇਂ ਚੁਣੇ ਸੰਸਦ ਮੈਂਬਰਾਂ ਤੋਂ ਇੰਗਲੈਂਡ ਦੇ ਆਮ ਲੋਕਾਂ ਅਤੇ ਪੰਜਾਬੀ ਭਾਈਚਾਰੇ ਦੇ ਸਰੋਕਾਰਾਂ ਲਈ ਲਗਾਤਾਰ ਯਤਨਸ਼ੀਲ ਰਹਿਣ ਦੀ ਆਸ ਕਰਦਿਆਂ, ਕੁਲਤਾਰ ਸਿੰਘ ਸੰਧਵਾਂ ਨੇ ਜੇਤੂ ਪੰਜਾਬੀਆਂ ਦੀ ਕਾਮਯਾਬੀ ਅਤੇ ਇੰਗਲੈਂਡ ਦੀ ਸਿਆਸਤ ਵਿੱਚ ਜ਼ਿਕਰਯੋਗ ਅਗਵਾਈ ਕਰਨ ਦੀ ਕਾਮਨਾ ਵੀ ਕੀਤੀ।

---

ਉਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਹਰਜਿੰਦਰ ਸਿੰਘ ਧਾਮੀ ਨੇ, ਬਰਤਾਨੀਆਂ ਵਿਚ ਹੋਈਆਂ ਸੰਸਦੀ ਚੋਣਾਂ ਦੌਰਾਨ ਜਿੱਤ ਹਾਸਲ ਕਰਨ ਵਾਲੇ, ਸਿੱਖ ਅਤੇ ਪੰਜਾਬੀ ਸੰਸਦ ਮੈਂਬਰਾਂ ਨੂੰ ਵਧਾਈ ਦਿੰਦਿਆਂ ਕਿਹਾ ਏ, ਕਿ ਇਹ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖਾਂ ਲਈ ਬੜੇ ਮਾਣ ਵਾਲੀ ਗੱਲ ਏ। ਅੰਮ੍ਰਿਤਸਰ ਤੋਂ ਅੱਜ ਜਾਰੀ ਇਕ ਬਿਆਨ ਵਿਚ, ਉਨਾਂ ਕਿਹਾ ਕਿ ਸਿੱਖਾਂ ਨੇ ਆਪਣੀ ਮਿਹਤਨ ਤੇ ਲਿਆਕਤ ਨਾਲ ਪੂਰੀ ਦੁਨੀਆਂ ਵਿਚ ਨਾਮਣਾ ਖੱਟਿਆ ਏ ਅਤੇ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਸਿਆਸਤ ਅੰਦਰ ਵੀ ਸਿੱਖਾਂ ਨੇ ਵੱਡੀਆਂ ਮੱਲਾਂ ਮਾਰੀਆਂ ਨੇ। ਹਰਜਿੰਦਰ ਸਿੰਘ ਧਾਮੀ ਨੇ, ਸਿੱਖਾਂ ਦੀ ਤਰੱਕੀ ਤੇ ਚੜ੍ਹਦੀ ਕਲਾ ਲਈ ਪਰਮਾਤਮਾ ਅੱਗੇ ਅਰਦਾਸ ਕਰਨ ਦੇ ਨਾਲ ਨਾਲ, ਆਸ ਪ੍ਰਗਟਾਈ ਕਿ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਦੇ ਮਸਲਿਆਂ ਦੇ ਹੱਲ ਲਈ, ਨਵੇਂ ਚੁਣੇ ਸੰਸਦ ਮੈਂਬਰ ਪਹਿਲ ਕਦਮੀ ਵਿਖਾਉਂਦੇ ਹੋਏ ਭਰਪੂਰ ਕੋਸ਼ਿਸ਼ਾਂ ਕਰਨਗੇ।

---

ਪੰਜਾਬ ਵਿੱਚ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਨੂੰ ਲੈ ਕੇ ਡੂੰਘੀ

ਚਿੰਤਾ ਜ਼ਾਹਰ ਕਰਦਿਆਂ, ਪੰਜਾਬ BJP ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਏ, ਕਿ ਭਗਵੰਤ ਸਿੰਘ ਮਾਨ ਦਾ ਪ੍ਰਸ਼ਾਸਨ ਪ੍ਰਤੀ ਬੇਰੁਖੀ ਵਾਲਾ ਰਵੱਈਆ, ਪੰਜਾਬ ਨੂੰ ਹਿੰਸਾ ਅਤੇ ਨਫ਼ਰਤੀ ਅਪਰਾਧਾਂ ਦੀ ਲਗਾਤਾਰ ਲਹਿਰ ਨਾਲ ਲਹੂ-ਲੁਹਾਣ ਕਰ ਰਿਹਾ ਏ । ਲੁਧਿਆਣਾ ਵਿਚ DMC ਵਿਖੇ ਸ਼ਿਵ ਸੈਨਾ ਆਗੂ ਸੰਦੀਪ ਥਾਪਰ ਦਾ ਹਾਲ ਚਾਲ ਪੁੱਛਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਉਨਾਂ ਕਿਹਾ ਕਿ ਮੁੱਖ ਮੰਤਰੀ ਜ਼ਿਮਨੀ ਚੋਣ ਲਈ ਜਲੰਧਰ 'ਚ ਡੇਰੇ ਲਾ ਰਹੇ ਨੇ ਜਦਕਿ ਅਪਰਾਧੀ ਅਜ਼ਾਦੀ ਨਾਲ ਭੱਜਦੇ ਨੇ ਅਤੇ ਆਪਣੀ ਮਰਜ਼ੀ ਨਾਲ ਕਿਸੇ ਦੀ ਵੀ ਜਾਨ ਲੈ ਸਕਦੇ ਨੇ । ਸੁਨੀਲ ਜਾਖੜ ਨੇ ਕਿਹਾ ਕਿ ਕਿਸੇ ਵੀ ਸਰਕਾਰ ਲਈ, ਕਾਨੂੰਨ ਵਿਵਸਥਾ ਸਭ ਤੋਂ ਵੱਡੀ ਤਰਜੀਹ ਹੁੰਦੀ ਏ ਪਰ ਮੁੱਖ ਮੰਤਰੀ ਦਾ ਪ੍ਰਸ਼ਾਸਨ ਪ੍ਰਤੀ ਅਵੇਸਲਾਪਣ ਅਤੇ ਲਾਪਰਵਾਹੀ ਵਾਲਾ ਰਵੱਈਆ, ਪੰਜਾਬ ਨੂੰ ਬੇਕਾਬੂ ਹਿੰਸਾ ਦੇ ਰਾਹ ਤੋਰ ਰਿਹਾ ਏ । ਉਨਾਂ ਕਿਹਾ ਕਿ ਜੇਕਰ ਸੂਬਾ ਸਰਕਾਰ ਸੋਚਦੀ ਏ, ਕਿ ਉਹ ਕਾਨੂੰਨ ਵਿਵਸਥਾ ਬਹਾਲ ਕਰਨ ਵਿੱਚ ਨਾਕਾਮ ਏ, ਤਾਂ ਉਸ ਨੂੰ ਇਹ ਸਵੀਕਾਰ ਕਰਕੇ ਕੇਂਦਰ ਤੋਂ ਸਹਾਇਤਾ ਦੀ ਮੰਗ ਕਰਨੀ ਚਾਹੀਦੀ ਏ ।

---------------------------------------------------

ਨੀਤੀ ਆਯੋਗ ਵੱਲੋਂ ਆਸਵੰਦ ਜ਼ਿਲ੍ਹਾ ਅਤੇ ਬਲਾਕ ਪ੍ਰੋਗਰਾਮ ਤਹਿਤ ਵੱਖ-ਵੱਖ ਮਾਪਦੰਡਾਂ ਵਿੱਚ ਪਛੜ ਰਹੇ ਜ਼ਿਲ੍ਹਿਆਂ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਅਤੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸੰਪੂਰਨਤਾ ਅਭਿਆਨ ਚਲਾਇਆ ਜਾ ਰਿਹਾ ਏ। ਇਸੇ ਲੜੀ ਵਿਚ ਜ਼ਿਲ੍ਹਾ ਸੰਗਰੂਰ ਦੇ ਬਲਾਕ ਧੂਰੀ ਵਿਚ ਇਸ ਸੰਪੂਰਨਤਾ ਅਭਿਆਨ ਦੀ ਸ਼ੁਰੂਆਤ ਕਲ ਕੀਤੀ ਗਈ।

*ਹੋਰ ਵੇਰਵੇ ਨਾਲ ਇਹ ਰਿਪੋਰਟ- ਡਿਸਪੈਚ: ਸੰਗਰੂਰ ਦੇ ਧੂਰੀ ਬਲਾਕ ਨੂੰ ਵੀ ਨੀਤੀ ਆਯੋਗ ਦੇ ਆਸਵੰਦ ਜ਼ਿਲ੍ਹਾ ਅਤੇ ਬਲਾਕ ਪ੍ਰੋਗਰਾਮ ਸੰਬੰਧੀ ਸੰਪੂਰਨਤਾ ਅਭਿਆਨ ਵਿਚ ਸ਼ਾਮਲ ਕੀਤਾ ਗਿਆ ਏ। ਸੰਪੂਰਨਤਾ ਅਭਿਆਨ ਵਿਚ ਖਾਸ ਤੌਰ ਤੇ ਸਿਹਤ, ਪੋਸ਼ਣ, ਖੇਤੀਬਾੜੀ ਅਤੇ ਸਮਾਜਿਕ ਤਰੱਕੀ ਨਾਲ ਸਬੰਧਤ ਅਹਿਮ ਕਾਰਜ ਪੂਰੇ ਕੀਤੇ ਜਾਣਗੇ। ਇਸ ਪਹਿਲ ਕਦਮੀ ਤਹਿਤ ਧੂਰੀ ਦੇ ਦੇਸ਼ ਭਗਤ ਕਾਲਜ ਵਿਖੇ ਸੰਪੂਰਨਤਾ ਅਭਿਆਨ ਦਾ ਉਦਘਾਟਨੀ ਸਮਾਗਮ ਕਲ ਹੋਇਆ। ਨੀਤੀ ਆਯੋਗ ਦੀ ਅਧਿਕਾਰੀ*

*ਚੰਚਲ ਸੋਨੀ ਅਤੇ ਜ਼ਿਲਾ ਪ੍ਰਸ਼ਾਸਨ ਦੇ ਅਧਿਕਾਰੀਆਂ ਸਮੇਤ ਵੱਡੀ ਗਿਣਤੀ ਵਿਚ ਆਮ ਲੋਕ ਤੇ ਸਕੂਲੀ ਬੱਚੇ ਇਸ ਸਮਾਗਮ ਵਿਚ ਮੌਜੂਦ ਰਹੇ। ਚੰਚਲ ਸੋਨੀ ਨੇ ਕਿਹਾ ਕਿ ਇਸ ਪਛੜੇ ਬਲਾਕ ਵਿਚ ਆਮ ਲੋਕਾਂ ਦਾ ਵਿਕਾਸ ਕਰਨ ਲਈ ਹੀ ਸੰਪੂਰਨਤਾ ਅਭਿਆਨ ਚਲਾਇਆ ਗਿਆ ਏ।Byteਇਲਾਕੇ ਦੇ ਡੀ ਡੀ ਪੀ ਓ ਵਿਕਾਸ ਸੁਖਚੈਨ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆByteਸੰਪੂਰਨਤਾ ਅਭਿਆਨ ਤਹਿਤ ਸੱਭਿਆਚਾਰਕ ਪ੍ਰੋਗਰਾਮ ਤੇ ਨੁੱਕੜ ਨਾਟਕ ਪੇਸ਼ ਕੀਤੇ ਗਏ ਅਤੇ ਸਿਹਤ ਵਿਭਾਗ ਨੇ ਇਕ ਮੈਡੀਕਲ ਕੈਂਪ ਲਗਾਇਆ ਜਿਸ ਵਿਚ ਬੀਪੀ ਤੇ ਸੂਗਰ ਦੇ ਮਰੀਜਾਂ ਸਮੇਤ ਹੋਰਨਾਂ ਬੀਮਾਰੀਆਂ ਨਾਲ ਪੀੜ੍ਹਿਤ ਲੋਕਾਂ ਦੀ ਜਾਂਚ ਕੀਤੀ ਗਈ। ਵਿਦਿਆਰਥੀਆਂ ਦੇ ਡਰਾਇੰਗ ਮੁਕਾਬਲੇ ਵੀ ਕਰਵਾਏ ਗਏ। ਸੰਪੂਰਨਤਾ ਅਭਿਆਨ ਸਮਾਗਮ ਵਿਚ ਸ਼ਾਮਲ ਲੋਕਾਂ ਨੇ ਇਸ ਦੀ ਸ਼ਲਾਘਾ ਕੀਤੀ। ਸੰਪੂਰਨਤਾ ਅਭਿਆਨ 30 ਸਤੰਬਰ ਤਕ ਚਲਾਇਆ ਜਾਵੇਗਾ। ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ*

-------------------------------------------------------------------

ਪੰਜਾਬ ਸਰਕਾਰ ਵੱਲੋਂ ਅੱਜ ਪਹਿਲੀ ਵਾਰ, ਸੂਬੇ ਵਿਚ ਵਿਸ਼ਵ ਜ਼ੂਨੋਸਿਸ ਦਿਵਸ, ਰਾਜ ਪੱਧਰ ਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਪ੍ਰਧਾਨਗੀ ਹੇਠ, ਸ਼੍ਰੀ ਮੁਕਤਸਰ ਸਾਹਿਬ ਵਿਖੇ ਮਨਾਇਆ ਗਿਆ। ਇਸ ਮੌਕੇ ਉਨਾਂ ਕਿਹਾ ਕਿ ਇਸ ਸਮਾਗਮ ਨੂੰ, ਰਾਜ ਪੱਧਰ ਤੇ ਮਨਾਉਣ ਦਾ ਉਦੇਸ਼ ਏ, ਕਿ ਲੋਕਾਂ ਵਿਚ ਅਤੇ ਖਾਸ ਕਰਕੇ ਪਸ਼ੂ ਪਾਲਕਾਂ ਵਿਚ ਜਾਨਵਰਾਂ ਤੋਂ ਮਨੁੱਖ ਨੂੰ ਅਤੇ ਮਨੁੱਖ ਤੋਂ ਜਾਨਵਰਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਪ੍ਰਤੀ ਜਾਗਰੂਕਤਾ ਪੈਦਾ ਕੀਤੀ ਜਾ ਸਕੇ। ਇਸੇ ਲੜੀ ਵਿਚ ਵਿਭਾਗ ਨੇ ਸਿੱਖਿਆ ਵਿਭਾਗ ਨਾਲ ਤਾਲਮੇਲ ਕਰਕੇ ਵਿਦਿਆਰਥੀਆਂ ਤੱਕ ਇਹ ਜਾਣਕਾਰੀ ਪੁੱਜਦੀ ਕਰਨ ਲਈ ਸਕੂਲਾਂ ਵਿਚ ਵੀ ਇਸ ਤਰਾਂ ਦੇ ਜਾਗਰੂਕਤਾ ਭਾਸ਼ਣ ਦੇਣ ਦੀ ਵਿਵਸਥਾ ਕੀਤੀ ਏ। ਉਨ੍ਹਾਂ ਕਿਹਾ ਕਿ ਹੁਣ ਇਹ ਦਿਹਾੜਾ, ਹਰ ਸਾਲ ਵੱਖ ਵੱਖ ਥਾਵਾਂ ਤੇ ਮਨਾਇਆ ਜਾਵੇਗਾ। ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਇਸ ਸਮੇਂ ਜਦ ਖੇਤਾਂ ਦੇ ਅਕਾਰ ਲਗਾਤਾਰ ਘੱਟ ਰਹੇ ਨੇ ਅਤੇ ਅਸੀਂ ਫਸਲਾਂ ਦੇ ਝਾੜ ਦੀ ਵੀ ਸਿਖਰਲੀ ਹੱਦ ਪ੍ਰਾਪਤ ਕਰ ਲਈ ਏ, ਤਾਂ ਪਸ਼ੂ ਪਾਲਣ ਆਮਦਨ ਵਾਧੇ ਲਈ

ਕਿਸਾਨਾਂ ਵਾਸਤੇ ਇਕ ਪ੍ਰਮੁੱਖ ਬਦਲ ਸਾਬਿਤ ਹੋ ਸਕਦਾ ਏ, ਪਰ ਪਸ਼ੂ ਪਾਲਣ ਦੇ ਕਿੱਤੇ ਵਿਚ ਮੁਨਾਫਾ ਤਦ ਹੋਰ ਵੀ ਵੱਧ ਜਾਂਦਾ ਏ, ਜਦ ਅਸੀਂ ਵਿਗਿਆਨਕ ਤਰੀਕੇ ਨਾਲ ਪਸ਼ੁ ਪਾਲਣ ਦਾ ਕਿੱਤਾ ਕਰੀਏ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਸਮਾਜ ਤੇ ਪਸ਼ੁ ਪਾਲਕਾਂ ਵਿਚ ਚੇਤਨਤਾ ਪੈਦਾ ਕਰਣਗੇ।

-----------------------------------------------------------

ਕੇਂਦਰ ਸਰਕਾਰ ਵਲੋਂ ਤਿੰਨ ਨਵੇਂ ਅਪਰਾਧਿਕ ਕਾਨੂੰਨ - ਭਾਰਤੀ ਨਿਆ ਸੰਹਿਤਾ, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਅਤੇ ਭਾਰਤੀ ਸਾਕਸ਼ਯ ਅਧਿਨਿਯਮ- 2023 ਲਾਗੂ ਕਰ ਦਿੱਤੇ ਗਏ ਨੇ । ਬਠਿੰਡਾ ਦੇ ਘੁੱਦਾ ਸਥਿਤ ਪੰਜਾਬ ਕੇਂਦਰੀ ਯੂਨੀਵਰਸਿਟੀ ਵਿਖੇ ਕਾਨੂੰਨ ਵਿਭਾਗ ਦੇ ਮੁਖੀ, ਡਾ: ਪੁਨੀਤ ਪਾਠਕ ਇਨ੍ਹਾਂ ਕਾਨੂੰਨਾਂ ਨੂੰ ਸਮੇਂ ਦੀ ਜਰੂਰਤ ਮੁਤਾਬਿਕ ਬਣਿਆ ਦੱਸਦੇ ਨੇ।

-----------------------------------------------------------

ਪੰਜਾਬ ਵਿਚ ਬੀਤੀ ਅੱਧੀ ਰਾਤ ਤੋਂ ਸਵੇਰ ਤਕ ਹੋਈ ਬਾਰਿਸ਼ ਤੋਂ ਬਾਅਦ ਅੱਜ ਘੱਟੋ-ਘੱਟ ਤਾਪਮਾਨ ਵਿਚ 4 .3 ਡਿਗਰੀ ਤਕ ਦੀ ਗਿਰਾਵਟ

ਦਰਜ ਕੀਤੀ ਗਈ ਏ । ਪਿਛਲੇ ਕੁਝ ਦਿਨਾਂ ਤੋਂ ਘੱਟ ਬਾਰਿਸ਼ ਕਾਰਨ ਵੱਧ ਤੋਂ ਵੱਧ ਤਾਪਮਾਨ ਵਿਚ ਵਾਧਾ ਹੋਇਆ ਸੀ ਪਰ ਹੁਣ ਮੀਂਹ ਤੋਂ ਬਾਅਦ ਲੋਕਾਂ ਨੂੰ ਕਾਫੀ ਰਾਹਤ ਮਿਲੀ ਏ ਹਾਲਾਂਕਿ ਦਿਨ ਵੇਲੇ ਨਿਕਲੀ ਤੇਜ ਧੁੱਪ ਨਾਲ ਲੋਕਾਂ ਨੂੰ ਹੁੰਮਸ ਭਰੀ ਗਰਮੀ ਦਾ ਸਾਹਮਣਾ ਵੀ ਕਰਨਾ ਪਿਆ। ਮੌਸਮ ਵਿਭਾਗ ਅਨੁਸਾਰ ਬੀਤੀ ਰਾਤ ਪਠਾਨਕੋਟ ਵਿਚ ਸਬ ਤੋਂ ਵੱਧ 52.5 ਮਿਲੀ-ਮੀਟਰ, ਫਰੀਦਕੋਟ ਵਿਚ 37.8, ਗੁਰਦਾਸਰਪੁਰ ਵਿੱਚ 37.6 ਅਤੇ ਸ਼੍ਰੀ ਅਨੰਦਪੁਰ ਸਾਹਿਬ ਵਿਚ 11.5 ਮਿਲੀ-ਮੀਟਰ ਮੀਂਹ ਦਰਜ ਕੀਤਾ ਗਿਆ ਏ ।

---------------------------------------------------

## ਆਖਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ

- ਕੇਂਦਰੀ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਕਿਹਾ ਏ, ਕਿ ਸਰਕਾਰ ਅਗਲੇ ਪੰਜ ਵਰ੍ਹਿਆਂ ਵਿਚ ਕੋਈ ਦੋ ਲੱਖ ਗ੍ਰਾਮ ਪੰਚਾਇਤਾਂ ਵਿੱਚ ਬਹੁ–ਮੰਤਵੀ ਮੁਢਲੀ ਖੇਤੀਬਾੜੀ ਕਰਜ਼ ਸੁਸਾਇਟੀ ਦੀ ਸਥਾਪਨਾ ਕਰੇਗੀ ।

- ਬਰਤਾਨੀਆ ਦੀ ਸੰਸਦ ਵਿਚ ਚੁਣੇ ਗਏ ਭਾਰਤ ਵੰਸ਼ੀਆਂ ਵਿਚ, 12 ਪੰਜਾਬੀਆਂ ਦੇ ਵੀ ਸ਼ਾਮਲ ਹੋਣ 'ਤੇ ਵੱਖ ਵੱਖ ਵਰਗਾਂ ਦੇ ਲੋਕਾਂ ਨੇ ਖੁਸ਼ੀ ਪ੍ਰਗਟਾਈ ।
- ਪੰਜਾਬ BJP ਦੇ ਪ੍ਰਧਾਨ ਸੁਨੀਲ ਜਾਖੜ ਨੇ, ਸੂਬੇ ਵਿੱਚ ਵਿਗੜਦੀ ਅਮਨ-ਕਾਨੂੰਨ ਦੀ ਸਥਿਤੀ 'ਤੇ ਡੂੰਘੀ ਚਿੰਤਾ ਜ਼ਾਹਰ ਕਰਦਿਆਂ, ਮੁੱਖ ਮੰਤਰੀ ਦੀ ਤਿੱਖੀ ਆਲੋਚਨਾ ਕੀਤੀ।
- ਜਾਨਵਰਾਂ ਤੋਂ ਮਨੁੱਖ ਅਤੇ ਮਨੁੱਖ ਤੋਂ ਜਾਨਵਰਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਪ੍ਰਤੀ ਪਸ਼ੂ ਪਾਲਕਾਂ ਵਿਚ ਜਾਗਰੂਕਤਾ ਪੈਦਾ ਕਰਨ ਦੇ ਮੰਤਵ ਨਾਲ, ਸ਼੍ਰੀ ਮੁਕਤਸਰ ਸਾਹਿਬ ਵਿਖੇ ਰਾਜ ਪੱਧਰੀ ਵਿਸ਼ਵ ਜ਼ੂਨੋਸਿਸ ਦਿਵਸ ਮਨਾਇਆ ਗਿਆ ।